# ਸਪਲਾਇਰ ਦਾ ਵਿਹਾਰ ਦਾ ਜ਼ਾਬਤਾ

Fruit of the Loom (ਫ਼ਰੂਟ ਔੱਫ਼ ਦਿ ਲੂਮ) ਅਤੇ ਆਪਣੀਆਂ ਸਹਿਯੋਗੀ ਕੰਪਨੀਆਂ ("FOTL") ਵਿਚ, ਅਸੀਂ ਕਾਰੋਬਾਰੀ ਨੈਤਿਕਤਾ ਦੇ ਸਭ ਤੋਂ ਉੱਚੇ ਮਿਆਰਾਂ ਅਤੇ ਮਨੁੱਖੀ ਹੱਕਾਂ ਅਤੇ ਵਾਤਾਵਰਣ ਦਾ ਖ਼ਿਆਲ ਰੱਖਦਿਆਂ ਕਾਰੋਬਾਰ ਕਰਨ ਲਈ ਵਚਨਬੱਧ ਹਾਂ। ਅਸੀਂ, ਸਾਰੀਆਂ ਸਹੂਲਤਾਂ ਤੋਂ ਉਹੀ ਵਾਅਦਾ ਚਾਹੁੰਦੇ ਹਾਂ, ਜੋ ਸਾਡੇ ਉਤਪਾਦਾਂ ਦੀ ਸਪਲਾਈ ਕਰਦੀਆਂ ਹਨ, ਇਸ ਵਿੱਚ ਠੇਕੇਦਾਰ, ਲਾਇਸੈਂਸੀ ਅਤੇ ਹੋਰ ਨਿਯੁਕਤ ਕੀਤੇ ਗਏ ਕਾਰੋਬਾਰੀ ਭਾਈਵਾਲ (ਸਮੂਹਕ ਤੌਰ 'ਤੇ "ਸਪਲਾਇਰ" ਵਜੋਂ ਜਾਣੇ ਜਾਂਦੇ ਹਨ) ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਸਪਲਾਇਰ ਦਾ ਵਿਹਾਰ ਦਾ ਜ਼ਾਬਤਾ, ਉਹਨਾਂ ਮਿਆਰਾਂ ਦਾ ਪ੍ਰਗਟਾਵਾ ਕਰਦਾ ਹੈ, ਜਿਸ ਨਾਲ ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਪਲਾਇਰ ਵਾਅਦਾ ਪੂਰਾ ਕਰਦੇ ਹਨ ਅਤੇ ਇਸ ਨੂੰ ਅੰਤਰਰਾਸ਼ਟਰੀ ਕਿਰਤ ਜੱਥੇਬੰਦੀ ਦੇ ਬੁਨਿਆਦੀ ਸਮਾਗਮਾਂ ਅਤੇ ਨਿਰਪੱਖ ਕਿਰਤ ਐਸੋਸੀਏਸ਼ਨ ਦੇ ਕੰਮ ਵਾਲੀ ਥਾਂ 'ਤੇ ਵਿਹਾਰ ਦੇ ਜ਼ਾਬਤੇ ਦੇ ਸਿਧਾਂਤਾਂ ਤੋਂ ਸੇਧ ਮਿਲਦੀ ਹੈ।

***<u>ਲੋਕ-ਕੇਂਦਰਿਤ</u>***

<u>ਰੋਜ਼ਗਾਰ ਸਬੰਧੀ ਨਾਤਾ</u>: ਸਪਲਾਇਰ ਰੋਜ਼ਗਾਰ ਦੇ ਨੇਮ ਅਤੇ ਸ਼ਰਤਾਂ ਅਪਣਾਉਣਗੇ ਅਤੇ ਉਹਨਾਂ ਦੀ ਪਾਲਣਾ ਕਰਣਗੇ, ਜੋ ਵਰਕਰਾਂ ਦਾ ਸਤਿਕਾਰ ਕਰਦੇ ਹਨ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਿਰਤ ਅਤੇ ਸਮਾਜਕ ਸੁਰੱਖਿਆ ਕਾਨੂੰਨਾਂ ਅਤੇ ਨੇਮਾਂ ਹੇਠ ਘੱਟੋ-ਘੱਟ ਉਹਨਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਏਗੀ।

<u>ਸਿਹਤ ਅਤੇ ਸੁਰੱਖਿਆ</u>: ਸਪਲਾਇਰ ਦੇ ਕਾਰਜਾਂ ਕਰਕੇ ਹਾਦਸਿਆਂ ਅਤੇ ਸਿਹਤ ਨੂੰ ਨੁਕਸਾਨ ਪਹੁੰਚਣ ਨੂੰ ਰੋਕਣ ਲਈ ਸਪਲਾਇਰ ਕੰਮ ਵਾਲੀ ਥਾਂ ਦੀ ਸੈਟਿੰਗ ਲਈ ਸੁਰੱਖਿਅਤ ਅਤੇ ਨਰੋਈ ਥਾਂ ਉਪਲਬਧ ਕਰਾਉਣਗੇ। ਸਪਲਾਇਰ ਦੀ ਕੰਪਨੀ ਵਿਚਲੀਆਂ ਸਥਿਤੀਆਂ, ਜਿਹਨਾਂ ਵਿਚ ਆਪਣੀ ਮਾਲਕੀ ਵਾਲੀਆਂ ਜਾਂ ਸਪਲਾਇਰ ਵਲੋਂ ਚਲਾਈਆਂ ਜਾਂਦੀਆਂ ਡੋਰਮੈਟਰੀਆਂ ਸ਼ਾਮਿਲ ਹਨ, ਸੁਰੱਖਿਅਤ, ਸਾਫ਼-ਸੁਥਰੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸੁਰੱਖਿਆ ਅਤੇ ਸਿਹਤ ਸਬੰਧੀ ਸਾਰੇ ਲਾਗੂ ਕਾਨੂੰਨਾਂ ਅਤੇ ਨੇਮਾਂ ਦੀਆਂ ਸ਼ਰਤਾਂ 'ਤੇ ਪੂਰੀਆਂ ਜਾਂ ਵੱਧ ਉਤਰਣੀਆਂ ਚਾਹੀਦੀਆਂ ਹਨ। ਵਰਕਰ ਸਿਖਲਾਈਪ੍ਰਾਪਤ ਅਤੇ ਆਪਣੇ ਕੰਮ ਸੁਰੱਖਿਅਤ ਢੰਗ ਨਾਲ ਸਿਰੇ ਚਾੜ੍ਹਣ ਨਾਲ ਲੈਸ ਹੋਣੇ ਚਾਹੀਦੇ ਹਨ।

<u>ਬਾਲ-ਕਿਰਤ</u>: ਸਪਲਾਇਰ ਸਥਾਨਕ ਪੱਧਰ 'ਤੇ ਸਕੂਲ ਜਾਣ ਦੀ ਲਾਜ਼ਮੀ ਉਮਰ ਜਾਂ ਰੋਜ਼ਗਾਰ ਦੀ ਕਾਨੂੰਨੀ ਲਾਗੂ ਉਮਰ ਦੀ ਉਲੰਘਣਾ ਕਰਦਿਆਂ ਲੋਕਾਂ ਨੂੰ ਕੰਮ 'ਤੇ ਨਹੀਂ ਰੱਖਣਗੇ। ਕਿਸੇ ਵੀ ਸਥਿਤੀ ਵਿਚ ਸਪਲਾਇਰ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ 'ਤੇ ਨਹੀਂ ਰੱਖਣਗੇ, ਸਿਰਫ਼ ਬਾਲ ਕਲਾਕਾਰਾਂ ਜਾਂ ਮਾੱਡਲਾਂ ਨੂੰ ਛੱਡ ਕੇ ਜੋ ਇਸ਼ਤਿਹਾਰਬਾਜ਼ੀ ਜਾਂ ਮੀਡੀਆ ਵਿਚ ਕੰਮ ਕਰਦੇ ਹਨ, ਅਤੇ ਫਿਰ ਸਿਰਫ਼ ਲਾਗੂ ਬਾਲ ਮਜ਼ਦੂਰੀ ਸਬੰਧੀ ਨੇਮਾਂ ਦੀ ਪਾਲਣਾ ਅਨੁਸਾਰ।

<u>ਜ਼ਬਰੀ ਕੰਮ ਕਰਾਉਣਾ</u>: ਸਪਲਾਇਰ ਜ਼ਬਰੀ ਕਿਰਤ ਨਹੀਂ ਕਰਾਉਣਗੇ, ਇਹਨਾਂ ਵਿਚ ਕੈਦੀ ਕਿਰਤੀ, ਇਕਰਾਰਨਾਮੇ-ਅਧੀਨ ਜਾਂ ਗ਼ੁਲਾਮ ਕਿਰਤੀ ਜਾਂ ਬੰਧਕ ਕਿਰਤੀ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਸਪਲਾਇਰ ਇਹ ਯਕੀਨੀ ਬਣਾਉਣ ਲਈ ਕਾਰਵਾਈਆਂ ਅਪਣਾਉਣਗੇ ਕਿ ਕੰਪਨੀਆਂ ਵਿਚ ਗ਼ੈਰਕਾਨੂੰਨੀ ਢੰਗ ਨਾਲ ਲਿਆਂਦੇ ਗਏ ਲੋਕਾਂ ਤੋਂ ਕੰਮ ਨਾ ਕਰਾਇਆ ਜਾਏ ਅਤੇ ਅਜਿਹੇ ਢੰਗ-ਤਰੀਕਿਆਂ ਲਈ ਉਹਨਾਂ ਦੀ ਸਪਲਾਈ-ਲੜੀ ਦੀ ਨਿਗਰਾਨੀ ਕਰਨਗੇ।

<u>ਤੰਗ-ਪਰੇਸ਼ਾਨ ਕਰਨਾ ਜਾਂ ਸ਼ੋਸ਼ਣ</u>: ਸਪਲਾਇਰਾਂ ਨੂੰ ਸਾਰੇ ਮੁਲਾਜ਼ਮਾਂ ਨਾਲ ਸਤਿਕਾਰ ਅਤੇ ਮਾਣ ਵਾਲਾ ਵਿਹਾਰ ਕਰਨਾ ਚਾਹੀਦਾ ਹੈ। ਇਹ ਯਕੀਨੀ ਬਣਾਉਣ ਲਈ ਸਪਲਾਇਰਾਂ ਕੋਲ ਸਾਰੇ ਅਮਲ ਹੋਣਗੇ ਕਿ ਕਿਸੇ ਵੀ ਵਰਕਰ ਨਾਲ ਕੋਈ ਸਰੀਰਕ, ਜਿਣਸੀ, ਮਨੋਵਿਗਿਆਨਕ ਜਾਂ ਜ਼ਬਾਨੀ ਤੌਰ 'ਤੇ ਤੰਗ-ਪਰੇਸ਼ਾਨ ਵਾਲਾ ਜਾਂ ਦੁਰਵਿਹਾਰ ਨਾ ਕੀਤਾ ਜਾਏ।

<u>ਨਿਰਪੱਖ ਰਹਿਣਾ</u>: ਸਪਲਾਇਰ ਰੋਜ਼ਗਾਰ ਵਿਚ ਕੋਈ ਪੱਖਪਾਤ ਨਹੀਂ ਕਰਨਗੇ, ਇਸ ਵਿਚ ਲਿੰਗ, ਨਸਲ, ਧਰਮ, ਉਮਰ, ਅਪੰਗਤਾ, ਜਿਣਸੀ ਰੁਝਾਨ, ਕੌਮੀਅਤ, ਯੂਨੀਅਨ ਨਾਲ ਜੁੜਣਾ, ਸਿਆਸੀ ਰਾਇ, ਸਮਾਜਕ ਸਮੂਹ ਜਾਂ ਨਸਲੀ ਮੂਲ ਦੇ ਅਧਾਰ 'ਤੇ ਕੰਮ 'ਤੇ ਰੱਖਣਾ, ਮੁਆਵਜ਼ਾ, ਤਰੱਕੀ, ਅਨੁਸ਼ਾਸਨ, ਕੰਮ ਤੋਂ ਕੱਢਣਾ ਜਾਂ ਰਿਟਾਇਰਮੈਂਟ ਸ਼ਾਮਿਲ ਹੈ।

<u>ਕੰਮ ਕਰਨ ਦਾ ਸਮਾਂ</u>: ਸਪਲਾਇਰ ਲਾਗੂ ਕਾਨੂੰਨ ਵਿਚ ਦਿੱਤੀ ਗਈ ਮੰਜ਼ੂਰੀ ਅਨੁਸਾਰ ਵਰਕਰਾਂ ਤੋਂ ਰੈਗੂਲਰ ਅਤੇ ਓਵਰਟਾਈਮ ਦੇ ਘੰਟਿਆਂ ਨਾਲੋਂ ਵੱਧ ਕੰਮ ਨਹੀਂ ਕਰਾਉਣਗੇ। ਕਿਸੇ ਵੀ ਸਥਿਤੀ ਵਿਚ ਇੱਕ ਹਫ਼ਤੇ ਵਿਚ ਨਿਯਮਤ ਕੰਮ 48 ਘੰਟਿਆਂ ਤੋਂ ਵੱਧ ਨਹੀਂ ਹੋਏਗਾ ਅਤੇ ਵਰਕਰਾਂ ਨੂੰ ਹਰ ਸੱਤ ਦਿਨ ਦੀ ਮਿਆਦ ਵਿਚ ਲਗਾਤਾਰ ਘੱਟੋ-ਘੱਟ 24 ਘੰਟੇ ਅਰਾਮ ਕਰਨ ਦੀ ਆਗਿਆ ਦਿੱਤੀ ਜਾਏਗੀ। ਓਵਰਟਾਈਮ ਦਾ ਸਾਰਾ ਕੰਮ ਸਹਿਮਤੀ ਨਾਲ ਹੋਏਗਾ। ਸਪਲਾਇਰ ਨਿਯਮਤ ਅਧਾਰ 'ਤੇ ਓਵਰਟਾਈਮ ਲਈ ਨਹੀਂ ਕਹਿਣਗੇ ਅਤੇ ਓਵਰਟਾਈਮ ਦੇ ਕੰਮ ਦਾ ਭੁਗਤਾਨ ਪ੍ਰੀਮੀਅਮ ਦਰ 'ਤੇ ਕਰਨਗੇ। ਅਸਾਧਾਰਣ ਸਥਿਤੀਆਂ ਨੂੰ ਛੱਡਕੇ, ਇੱਕ ਹਫ਼ਤੇ ਵਿਚ ਨਿਯਮਤ ਅਤੇ ਓਵਰਟਾਈਮ ਘੰਟੇ ਕੁੱਲ 60 ਘੰਟਿਆਂ ਤੋਂ ਵੱਧ ਨਹੀਂ ਹੋਏਗਾ।

<u>ਮੁਆਵਜ਼ਾ</u>: ਹਰ ਵਰਕਰ ਨੂੰ ਕੰਮ ਦੇ ਰੈਗੂਲਰ ਹਫ਼ਤੇ ਲਈ ਮੁਆਵਜ਼ਾ ਲੈਣ ਦਾ ਹੱਕ ਹੈ, ਜੋ ਕਿ ਵਰਕਰ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਦਾ ਹੈ ਅਤੇ ਕੁਝ ਅਖ਼ਤਿਆਰੀ ਆਮਦਨ ਉਪਲਬਧ ਕਰਾਉਣ ਲਈ ਕਾਫ਼ੀ ਹੈ। ਸਪਲਾਇਰ, ਉਜਰਤਾਂ ਬਾਰੇ ਸਾਰੀਆਂ ਕਾਨੂੰਨੀ ਸ਼ਰਤਾਂ ਅਤੇ ਕਾਨੂੰਨ ਜਾਂ ਇਕਰਾਰ ਰਾਹੀਂ ਲੋੜੀਂਦੇ ਉਜਰਤਾਂ ਤੋਂ ਛੁੱਟ ਕੋਈ ਵੀ ਵਾਧੂ ਲਾਭ ਉਪਲਬਧ ਕਰਾਉਣ ਦੀ ਪਾਲਣਾ ਕਰਦਿਆਂ ਘੱਟੋ-ਘੱਟ ਉਜਰਤਾਂ ਜਾਂ ਦਿੱਤੀ ਜਾਂਦੀ ਢੁਕਵੀਂ ਉਜਰਤ, ਜੋ ਵੀ ਵੱਧ ਹੈ, ਦਾ ਭੁਗਤਾਨ ਕਰਨਗੇ।

ਜਿੱਥੇ ਮੁਆਵਜ਼ੇ ਨਾਲ ਵਰਕਰਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਅਤੇ ਆਪਣੀ ਮਰਜ਼ੀ ਨਾਲ ਕੁਝ ਆਮਦਨ ਉਪਲਬਧ ਕਰਾਓ, ਸਪਲਾਇਰ ਢੁਕਵੀਆਂ ਕਾਰਵਾਈਆਂ ਕਰਨਗੇ, ਜਿਸ ਨਾਲ ਮੁਆਵਜ਼ੇ ਦੇ ਪੱਧਰ ਨੂੰ ਸਿਲਸਿਲੇਵਾਰ ਅਮਲੀ ਜਾਮਾ ਪੁਆਇਆ ਜਾਏਗਾ।

<u>ਐਸੋਸੀਏਸ਼ਨ ਅਤੇ ਸਮੂਹਕ ਸੌਦੇਬਾਜ਼ੀ ਦੀ ਅਜ਼ਾਦੀ</u>: ਸਪਲਾਇਰਾਂ ਨੂੰ ਐਸੋਸੀਏਸ਼ਨ ਅਤੇ ਸਮੂਹਕ ਸੌਦੇਬਾਜ਼ੀ ਦੀ ਅਜ਼ਾਦੀ ਲਈ ਵਰਕਰਾਂ ਦੇ ਹੱਕਾਂ ਨੂੰ ਮਾਣਤਾ ਦੇਣੀ ਚਾਹੀਦੀ ਹੈ ਅਤੇ ਧਿਆਨ ਰੱਖਣਾ ਚਾਹੀਦਾ ਹੈ।

## ***<u>ਧਰਤ ਸਬੰਧੀ ਚੇਤਨਾ</u>***

ਸਪਲਾਇਰ, ਆਪਣੇ ਕਾਰਜਾਂ ਨਾਲ ਵਾਤਾਵਰਣ 'ਤੇ ਪੈਣ ਵਾਲੇ ਮਾੜੇ ਅਸਰ ਨਾਲ ਨਜਿੱਠਣ ਲਈ ਭਰੋਸੇਯੋਗ ਕਾਰਵਾਈਆਂ ਅਪਣਾਉਣਗੇ। ਘੱਟੋ-ਘੱਟ ਇਸ ਗੱਲ ਦੀ ਲੋੜ ਹੈ ਕਿ ਸਪਲਾਇਰ ਵਾਤਾਵਰਣ ਦੀ ਰਾਖੀ ਕਰਨ ਲਈ ਸਾਰੇ ਸਥਾਨਕ ਅਤੇ ਲਾਗੂ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਨ, ਜਿਹਨਾਂ ਵਿਚ ਖ਼ਤਰਨਾਕ ਤੱਤਾਂ ਦਾ ਢੁਕਵਾਂ ਭੰਡਾਰ ਅਤੇ ਨਿਪਟਾਰਾ ਕਰਨਾ ਅਤੇ ਇਸ ਢੰਗ ਨਾਲ ਕਾਰੋਬਾਰ ਕਰਨ ਦੀ ਕੋਸ਼ਿਸ਼ ਕਰਨਾ, ਜਿਸ ਨਾਲ ਘੱਟੋ-ਘੱਟ ਬਿਜਲੀ ਦੀ ਖਪਤ ਹੋਵੇ ਅਤੇ ਘੱਟ ਕਚਰਾ ਨਿਕਲੇ, ਕੁਦਰਤੀ ਸ੍ਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਕਰਨਾ ਅਤੇ ਵੱਧ ਤੋਂ ਵੱਧ ਰੀਸਾਈਕਲਿੰਗ ਕਰਨਾ ਸ਼ਾਮਿਲ ਹੈ।

## ***<u>ਉਤਪਾਦ ਦੀ ਪ੍ਰਮਾਣਕਤਾ</u>***

<u>ਕਾਨੂੰਨ ਦੀ ਪਾਲਣਾ ਕਰਨੀ</u>:ਇਸ ਵਿਹਾਰ ਦੇ ਜ਼ਾਬਤੇ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਅਲਾਵਾ, ਸਪਲਾਇਰ ਆਪਣੇ ਕਾਰਜਾਂ 'ਤੇ ਲਾਗੂ ਹੋਰ ਸਾਰੇ ਕਾਨੂੰਨਾਂ, ਨੇਮਾਂ ਅਤੇ ਸਮਝੌਤਿਆਂ ਦੀ ਪਾਲਣਾ ਕਰਨਗੇ।

<u>ਕਾਰੋਬਾਰੀ ਨੈਤਿਕਤਾ</u>: ਸਪਲਾਇਰਾਂ ਵਲੋਂ ਕਿਸੇ ਵੀ ਤਰੀਕੇ ਨਾਲ ਭ੍ਰਸ਼ਟਾਚਾਰ ਕਰਨ, ਗ਼ੈਰਕਾਨੂੰਨੀ ਤੌਰ 'ਤੇ ਮੁੱਛਣ, ਗ਼ਬਨ ਜਾਂ ਉਤਪਾਦ ਜਾਂ ਸਮਗ੍ਰੀ ਦੇ ਸ੍ਰੋਤਾਂ ਦੀ ਗ਼ਲਤ ਢੰਗ ਨਾਲ ਵਿਆਖਿਆ ਕੀਤੇ ਜਾਣ ਦੀ ਸਖ਼ਤ ਮਨਾਹੀ ਹੈ।ਇਸ ਮਨਾਹੀ ਵਿੱਚ ਨਾਵਾਜਬ ਜਾਂ ਅਣਉਚਿਤ ਲਾਭ ਲੈਣ ਬਦਲੇ ਰਿਸ਼ਵਤ ਦੇਣੀ ਜਾਂ ਲੈਣੀ ਅਤੇ ਬੇਨਤੀ ਜਾਣ 'ਤੇ ਕੱਚੇ ਮਾਲ ਦੇ ਸ੍ਰੋਤਾਂ ਦਾ ਖ਼ੁਲਾਸਾ ਕਰਨ ਵਿੱਚ ਨਾਕਾਮ ਰਹਿਣਾ ਸ਼ਾਮਿਲ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਇਸ ਮਨਾਹੀ ਦੀ ਉਲੰਘਣਾ ਦੇ ਨਤੀਜੇ ਵਜੋਂ FOTL ਵਲੋਂ ਸਪਲਾਇਰ ਦੀ ਫ਼ੌਰਨ ਬਰਤਰਫ਼ੀ ਕੀਤੀ ਜਾ ਸਕਦੀ ਹੈ ਅਤੇ ਸਪਲਾਇਰ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ।

<u>ਉਪ-ਠੇਕੇਦਾਰ</u>: ਸਪਲਾਇਰ, FOTL ਦੀ ਪਹਿਲਾਂ ਤੋਂ ਲਿਖਤੀ ਪ੍ਰਵਾਣਗੀ ਲਏ ਬਿਨਾ FOTL ਦੇ ਉਤਪਾਦ ਜਾਂ ਹਿੱਸੇ ਤਿਆਰ ਕਰਨ ਲਈ ਉਪ-ਠੇਕੇਦਾਰਾਂ ਤੋਂ ਕੰਮ ਨਹੀਂ ਕਰਾਉਣਗੇ ਅਤੇ ਇਸ ਵਿਹਾਰ ਦੇ ਜ਼ਾਬਤੇ ਦੀ ਪਾਲਣਾ ਕਰਨ ਲਈ ਲਿਖਤ ਵਿਚ ਸਹਿਮਤੀ ਦੇਣ ਤੋਂ ਬਾਅਦ ਹੀ ਉਪ-ਠੇਕੇਦਾਰਾਂ ਤੋਂ ਕੰਮ ਕਰਾਇਆ ਜਾਏਗਾ।

<u>ਕਸਟਮਾਂ ਦੀ ਪਾਲਣਾ ਕਰਨੀ</u>: ਸਪਲਾਇਰ, ਕਸਟਮਾਂ ਦੇ ਸਾਰੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਨਗੇ ਅਤੇ ਉਤਪਾਦਾਂ ਦੀਆਂ ਗ਼ੈਰਕਾਨੂੰਨੀ ਖੇਪਾਂ ਭੇਜਣ ਤੋਂ ਰਾਖੀ ਕਰਨ ਵਾਸਤੇ ਪ੍ਰੋਗਰਾਮ ਬਣਾਉਣਗੇ ਅਤੇ ਉਹਨਾਂ ਨੂੰ ਬਹਾਲ ਰੱਖਣਗੇ।

<u>ਸੁਰੱਖਿਆ</u>: ਸਪਲਾਇਰਾਂ ਨੂੰ FOTL ਦੇ ਉਤਪਾਦਾਂ ਦੀਆਂ ਖੇਪਾਂ ਵਿਚ ਲੁਕੋਕੇ ਭੇਜਿਆ ਜਾਣ ਵਾਲਾ ਸਮਾਨ (ਜਿਵੇਂ ਨਸ਼ੀਲੀਆਂ ਦਵਾਈਆਂ ਅਤੇ ਸਮਗਲਿੰਗ ਦਾ ਹੋਰ ਸਮਾਨ) ਭੇਜੇ ਜਾਣ ਤੋਂ ਬਚਾਉਣ ਲਈ ਸੁਰੱਖਿਆ ਅਮਲ ਬਹਾਲ ਰੱਖਣੇ ਪੈਣਗੇ, ਇਹਨਾਂ ਵਿਚ ਅਮਰੀਕਾ ਲਈ ਭੇਜੀਆਂ ਜਾਣ ਵਾਲੀਆਂ ਖੇਪਾਂ ਲਈ ਦਹਿਸ਼ਤਗਰਦੀ ਵਿਰੋਧੀ ਕਸਟਮਸ-ਵਪਾਰ ਭਾਈਵਾਲੀ (C-TPAT) ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਸ਼ਾਮਿਲ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ।

## ***<u>ਸਿਰੇ ਚਾੜ੍ਹਨਾ ਅਤੇ ਲਾਗੂ ਕਰਨਾ</u>***

<u>ਪੋਸਟ ਕਰਨ ਸਬੰਧੀ ਜ਼ਰੂਰਤਾਂ</u>: ਸਪਲਾਇਰ ਨੂੰ ਹਰ ਮੁਲਾਜ਼ਮ, ਜਿਸ ਵਿੱਚ ਵਿਦੇਸ਼ੀ ਪ੍ਰਵਾਸੀ ਵਰਕਰ ਵੀ ਸ਼ਾਮਿਲ ਹੁੰਦੇ ਹਨ, ਲਈ ਇਸ ਵਿਹਾਰ ਦੇ ਜ਼ਾਬਤੇ ਨੂੰ ਉਹਨਾਂ ਦੀ ਮਾਂ-ਬੋਲੀ ਵਿੱਚ ਸਾਰੇ ਮੁਲਾਜ਼ਮਾਂ ਅਤੇ ਵਿਜ਼ਿਟਰਾਂ ਨੂੰ ਚੰਗੀ ਤਰ੍ਹਾਂ ਨਜ਼ਰ ਆਉਣ ਵਾਲੀ ਥਾਂ 'ਤੇ ਲਾਉਣਾ ਚਾਹੀਦਾ ਹੈ। ਸਪਲਾਇਰ, ਇਸ ਵਿਹਾਰ ਦੇ ਜ਼ਾਬਤੇ ਦੇ ਤੱਤਾਂ ਬਾਰੇ ਸਾਰੇ ਵਰਕਰਾਂ ਨੂੰ ਸਲਾਨਾ ਤੌਰ 'ਤੇ ਦੱਸਣਗੇ ਅਤੇ ਸਿਖਲਾਈ ਦੇਣਗੇ।

<u>ਰਿਕਾੱਰਡ ਰੱਖਣਾ</u>: ਪਾਲਣਾ ਦੀ ਪੁਸ਼ਟੀ ਲਈ ਆਗਿਆ ਦੇਣ ਵਾਸਤੇ ਇਸ ਵਿਹਾਰ ਦੇ ਜ਼ਾਬਤੇ ਦੇ ਪਹਿਲੂਆਂ ਵਿਚੋਂ ਹਰ ਇੱਕ ਬਾਰੇ ਸਪਲਾਇਰਾਂ ਨੂੰ ਪੂਰੇ ਅਤੇ ਸਟੀਕ ਰਿਕਾੱਰਡ ਸੰਭਾਲਣੇ ਪੈਣਗੇ।

<u>ਸਪਲਾਇਰ ਲਈ ਸੇਧਾਂ</u>: <u>ਲਾਇਸੈਂਸੀ ਦੀ ਸਮਾਜਕ ਪਾਲਣਾ (ਮੁਲਾਜ਼ਮਾਂ ਦੀ ਸਿਹਤ, ਸੁਰੱਖਿਆ ਅਤੇ ਹੱਕਾਂ ਦੀ ਰਾਖੀ) ਸਬੰਧੀ ਗਾਈਡ</u>: ਜਿੱਥੇ ਲਾਗੂ ਹੈ, ਸਪਲਾਇਰਾਂ ਨੂੰ ਸਪਲਾਇਰ ਲਈ ਸੇਧਾਂ ਅਤੇ/ਜਾਂ ਲਾਇਸੈਂਸੀ ਦੀ ਸਮਾਜਕ ਪਾਲਣਾ (ਮੁਲਾਜ਼ਮਾਂ ਦੀ ਸਿਹਤ, ਸੁਰੱਖਿਆ ਅਤੇ ਹੱਕਾਂ ਦੀ ਰਾਖੀ) ਸਬੰਧੀ ਗਾਈਡ ਵਿੱਚ ਵੇਰਵੇ ਨਾਲ ਦਿੱਤੀਆਂ ਗਈਆਂ ਸ਼ਰਤਾਂ ਦੀ ਪਾਲਣਾ ਕਰਨਗੇ, ਇਹ ਗਾਈਡ FOTL ਦੀ ਕਾਰਪੋਰੇਟ ਵੈਬਸਾਈਟ www.fotlinc.com 'ਤੇ ਮਿਲ ਸਕਦੀ ਹੈ।

<u>ਮੁਲਾਂਕਣ ਅਤੇ ਸੁਧਾਰ ਕਰਨ ਸਬੰਧੀ ਕਾਰਵਾਈ</u>: FOTL, ਇਸ ਵਿਹਾਰ ਦੇ ਜ਼ਾਬਤੇ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ ਲਈ ਸਾਈਟ 'ਤੇ ਅਤੇ/ਜਾਂ ਵਰਚੁਅਲ (ਕੰਪਿਊਟਰ) ਤੌਰ 'ਤੇ ਕਰਾਉਣ ਲਈ ਅੰਦਰੂਨੀ ਦੇ ਨਾਲ ਹੀ ਸੁਤੰਤਰ ਔਡਿਟਰਾਂ ਦੀ ਵਰਤੋਂ ਕਰਦੀ ਹੈ। ਸਪਲਾਇਰ ਅਜਿਹੇ ਸਾਰੇ ਮੁਲਾਂਕਣਾਂ ਵਿਚ ਪੂਰਾ ਸਹਿਯੋਗ ਕਰਨਗੇ ਅਤੇ ਜਾਇਜ਼ੇ ਲਈ ਵੇਰਵੇ ਵਾਲੇ ਪਾਲਣਾ ਰਿਕਾੱਰਡ ਉਪਲਬਧ ਕਰਾਉਣਗੇ। FOTL ਨਾਲ ਕੰਮ ਕਰਦਿਆਂ ਸਪਲਾਇਰ ਪਾਲਣਾ ਨਾ ਕੀਤੇ ਜਾਣ ਵਾਲੇ ਖੇਤਰਾਂ ਨਾਲ ਨਜਿੱਠਣ ਲਈ ਢੁਕਵੇਂ ਤਰੀਕੇ ਨਾਲ ਸੁਧਾਰ ਕਰਨ ਵਾਲੀਆਂ ਕਾਰਵਾਈਆਂ ਦੇ ਪਲਾਨ ਤਿਆਰ ਕਰਨਗੇ।

<u>ਉਲੰਘਣਾਵਾਂ ਦੀ ਰਿਪੋਰਟ ਕਰਨਾ</u>: ਇਸ ਵਿਹਾਰ ਦੇ ਜ਼ਾਬਤੇ ਦੀਆਂ ਸ਼ੱਕੀ ਉਲੰਘਣਾਵਾਂ ਦੀ ਰਿਪੋਰਟ ਕਰਨ ਲਈ +1-270-935-2588 'ਤੇ ਫੋਨ ਕਰਕੇ code@fotlinc.com 'ਤੇ ਈਮੇਲ ਕਰਕੇ ਜਾਂ ਮੋਬਾਈਲ ਉਪਕਰਣ ਦੀ ਵਰਤੋਂ ਕਰਕੇ ਸੱਜੇ ਪਾਸੇ ਦਿੱਤੇ ਕੋਡ ਨੂੰ ਸਕੈਨ ਕਰਕੇ FOTL ਦੇ ਕੰਪਨੀ ਦੀ ਸਮਾਜਕ ਜ਼ਿੰਮੇਵਾਰੀ ਬਾਰੇ ਵਿਭਾਗ ਨਾਲ ਸੰਪਰਕ ਕਰੋ।ਕਿਰਪਾ ਕਰਕੇ ਸ਼ਾਮਿਲ ਧਿਰਾਂ ਅਤੇ ਕਥਿਤ ਉਲੰਘਣਾ (ਉਲੰਘਣਾਵਾਂ), ਸਿੱਧਿਆਂ ਮਸਲੇ ਨੂੰ ਹੱਲ ਕਰਨ ਲਈ ਕੀਤੀਆਂ ਗਈਆਂ ਕਾਰਵਾਈਆਂ ਅਤੇ ਸਰੋਕਾਰ ਬਾਰੇ ਗੁਪਤ ਤਰੀਕੇ ਨਾਲ ਗੱਲਬਾਤ ਕਰਨ ਵਾਸਤੇ ਸਾਡੇ ਲਈ ਸੰਪਰਕ ਜਾਣਕਾਰੀ ਬਾਰੇ ਵਿਆਪਕ ਜਾਣਕਾਰੀ ਉਪਲਬਧ ਕਰਾਓ। ਅਸੀਂ, ਇਸ ਵਿਹਾਰ ਦੇ ਜ਼ਾਬਤੇ ਦੀ ਉਲੰਘਣਾ ਕਰਨ ਦੀ ਰਿਪੋਰਟ ਕਰਨ ਜਾਂ ਇਸ ਵਿਹਾਰ ਦੇ ਜ਼ਾਬਤੇ ਦੀ ਸੰਭਵ ਉਲੰਘਣਾ ਦੀ ਕਿਸੇ ਜਾਂਚ ਵਿਚ ਮਦਦ ਕਰਨ ਜਾਂ ਕਿਸੇ ਵੀ ਤਰੀਕੇ ਨਾਲ ਹਿੱਸਾ ਲੈਣ ਵਾਲੇ ਲੋਕਾਂ ਵਿਰੁੱਧ ਬਦਲੇ ਦੀ ਕਿਸੇ ਵੀ ਕਾਰਵਾਈ ਦੀ ਸਖ਼ਤ ਮਨਾਹੀ ਕਰਦੇ ਹਾਂ। ਉਪਰ ਦਿੱਤੇ ਗਏ ਅਨੁਸਾਰ ਕਿਸੇ ਵੀ ਬਦਲੇ ਦੀ ਕਾਰਵਾਈ ਬਾਰੇ FOTL ਨੂੰ ਰਿਪੋਰਟ ਕਰਨੀ ਚਾਹੀਦੀ ਹੈ।

ਸੋਧਿਆ ਗਿਆ, ਫ਼ਰਵਰੀ 2022

FRUIT OF THE LOOM. Bestform. BVD SPALDING RUSSELL ATHLETIC VANITY FAIR LINGERIE JERZEES